# Official Spokesperson's response to media query on a tweet today by USCIRF on India

April 15, 2020

---

# USCIRF ਵਲੋਂ ਅੱਜ ਕੀਤੇ ਗਏ ਇੱਕ ਟਵੀਟ ਬਾਰੇ ਮੀਡੀਆ ਦੇ ਸਵਾਲ ਦਾ ਅਧਿਕਾਰਤ ਬੁਲਾਰੇ ਵੱਲੋਂ ਜਵਾਬ

15 ਅਪ੍ਰੈਲ, 2020

USCIRF ਵਲੋਂ ਅੱਜ ਕੀਤੇ ਗਏ ਇੱਕ ਟਵੀਟ ਬਾਰੇ ਮੀਡੀਆ ਦੇ ਸਵਾਲ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਸ਼੍ਰੀ ਅਨੁਰਾਗ ਸ਼੍ਰੀਵਾਸਤਵ ਨੇ ਕਿਹਾ,

"ਜਿਵੇਂ ਭਾਰਤ ਅੰਦਰ ਧਾਰਮਿਕ ਆਜ਼ਾਦੀ ਬਾਰੇ ਇਸਦੀ ਸਪਸ਼ਟ ਟਿੱਪਣੀ ਕਾਫ਼ੀ ਨਹੀਂ ਸੀ, USCIRF ਹੁਣ ਭਾਰਤ ਵਿਚ COVID19 ਦੇ ਪ੍ਰਕੋਪ ਨਾਲ ਨਜਿੱਠਣ ਲਈ ਅਪਣਾਏ ਗਏ ਪੇਸ਼ੇਵਰ ਮੈਡੀਕਲ ਪ੍ਰੋਟੋਕਾਲਾਂ ਬਾਰੇ ਗੁੰਮਰਾਹਕੁੰਨ ਖਬਰਾਂ ਫੈਲਾ ਰਿਹਾ ਹੈ। ਇਸ ਨੂੰ COVID-19 ਨਾਲ ਲੜਨ ਦੇ ਸਾਡੇ ਕੌਮੀ ਟੀਚੇ ਨੂੰ ਧਾਰਮਿਕ ਰੰਗ ਦੇਣ ਅਤੇ ਸਾਡਾ ਧਿਆਨ ਸਾਡੇ ਯਤਨਾਂ ਤੋਂ ਭਟਕਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਜਿਵੇਂ ਕਿ ਗੁਜਰਾਤ ਸਰਕਾਰ ਨੇ ਸਪੱਸ਼ਟ ਕੀਤਾ ਹੈ, ਸਿਵਲ ਹਸਪਤਾਲਾਂ ਅੰਦਰ ਧਾਰਮਿਕ ਅਧਾਰ 'ਤੇ ਕੋਈ ਵੱਖਰਾਕਰਨ ਨਹੀਂ ਕੀਤਾ ਜਾ ਰਿਹਾ ਹੈ।"

ਨਵੀਂ ਦਿੱਲੀ
15 ਅਪ੍ਰੈਲ, 2020

DISCLAIMER: This is an approximate translation. The original is available in English on MEA's website and may be referred to as the official press release.